# ਨਾਟਕ ਕਿਵੇਂ ਪੜ੍ਹੀਏ



**ਡਾ. ਪਾਲੀ ਭੁਪਿੰਦਰ ਸਿੰਘ**

ਪ੍ਰੋਫ਼ੈਸਰ, ਪੰਜਾਬੀ ਵਿਭਾਗ, ਪੰਜਾਬੀ ਯੂਨੀਵਰਸਿਟੀ, ਚੰਡੀਗੜ੍ਹ
✆ 9464011630

ਹੁਣ ਜਦੋਂ ਸਾਹਿਤ-ਅਧਿਐਨ ਵਿਚ ਵਸਤੂ ਦੇ ਰੂਪ ਅਤੇ ਭਾਸ਼ਾ ਨਾਲ ਸਬੰਧਾਂ ਬਾਰੇ ਵੱਡੇ ਪੱਧਰ ਉੱਤੇ ਵਿਚਾਰ ਹੋ ਰਿਹਾ ਹੈ ਤੇ ਲੱਗਭਗ ਇਹ ਮੰਨ ਲਿਆ ਗਿਆ ਹੈ ਕਿ ਸਾਹਿਤ ਦਾ ਰੂਪ ਅਤੇ ਸਾਹਿਤ ਦੀ ਭਾਸ਼ਾ ਦੋਹੇਂ ਵਸਤੂ ਜਿੰਨੇ ਹੀ ਮਹੱਤਵਪੂਰਨ ਹਨ; ਖਾਸ ਕਰ ਕੇ ਪੰਜਾਬੀ ਨਾਟ-ਅਧਿਐਨ ਵਿਚ ਵਸਤੂ ਦੇ ਰੂਪ, ਨਾਟ-ਭਾਸ਼ਾ ਅਤੇ ਇਕ ਅਜਿਹੇ ਖਾਸ ਤੱਤ ਨੂੰ ਖਾਸ ਤਵੱਜੋਂ ਨਹੀਂ ਦਿੱਤੀ ਜਾਂਦੀ, ਜੋ ਅਗਾਂਹ ਨਾਟਕ ਦਾ ਰੂਪ ਅਤੇ ਭਾਸ਼ਾ ਨਿਰਧਾਰਤ ਕਰਦਾ ਹੈ। ਇਹ ਤੱਤ ਹੈ ਰੰਗਮੰਚ। ਹੁਣ ਤੱਕ ਹੋਏ ਬਹੁਤੇ ਪੰਜਾਬੀ ਨਾਟ-ਚਿੰਤਨ ਦੀ ਇਹ ਇਕ ਵੱਡੀ ਸੀਮਾ ਇਹ ਹੈ ਕਿ ਇਹ ਨਾਟਕ ਦੇ ਅਧਿਐਨ ਅਤੇ ਆਲੋਚਨਾ ਦੋਹਾਂ ਵਿਚ ਸਿਰਫ਼ ਨਾਟਕ ਦੇ ਵਸਤੂ ਨੂੰ ਆਪਣਾ ਅਧਾਰ ਬਣਾਉਂਦਾ ਹੈ। ਇਸ ਦੇ ਰੰਗਮੰਚੀ-ਵਿਧਾਨ ਬਾਰੇ ਵਿਚਾਰ ਕਰਨ ਲੱਗਿਆਂ "ਨਾਟਕ ਰੰਗਮੰਚ ਦੇ ਅਨੁਕੂਲ" ਹੈ ਵਰਗੀਆਂ ਇਕਾ-ਦੁੱਕਾ ਟਿੱਪਣੀਆਂ ਦੇ ਕੇ ਕੰਮ ਸਾਰ ਲੈਂਦਾ ਹੈ। ਜਦੋਂ ਕਿ ਨਾਟ-ਪਾਠ ਦੀ ਸਿਰਜਣ-ਪ੍ਰਕਿਰਿਆ ਵਿਚ ਇਸ ਦਾ ਰੰਗਮੰਚੀ ਵਿਧਾਨ ਅਹਿਮ ਭੂਮਿਕਾ ਅਦਾ ਕਰਦਾ ਹੈ। ਸ਼ਾਇਦ ਇਹੀ ਕਾਰਨ ਹੈ ਕਿ ਅਸੀਂ ਹਾਲੇ ਤੱਕ ਪਿਛਲੀ ਸਵਾ ਸਦੀ ਦੌਰਾਨ ਰਚੇ ਗਏ ਪੰਜਾਬੀ ਨਾਟਕ ਦੇ ਪ੍ਰਕਾਰ ਅਤੇ ਪੱਧਰ ਬਾਰੇ ਆਪਣੀ ਕੋਈ ਸੁਨਿਸ਼ਚਿਤ ਸਮਝ ਕਾਇਮ ਨਹੀਂ ਕਰ ਸਕੇ। ਸਿਰਫ਼ ਵਸਤੂ ਦੇ ਅਧਾਰ 'ਤੇ ਅਸੀਂ ਸੈਂਕੜੇ ਅਨਾਟਕਾਂ ਨੂੰ ਮਹਾਨਤਾ ਦਾ ਦਰਜਾ ਪ੍ਰਦਾਨ ਕਰ ਦਿੱਤਾ ਤੇ ਕਈ ਰੰਗਮੰਚ ਪੱਖੋਂ ਸ਼ਾਹਕਾਰ ਰਚਨਾਵਾਂ ਨੂੰ ਅੱਖੋਂ ਪਰੋਖੇ ਕਰ ਦਿੱਤਾ।

ਅਜਿਹੀ ਸਥਿਤੀ ਵਿਚ ਇਹ ਸਵਾਲ ਸੱਚਮੁਚ ਮਹੱਤਵਪੂਰਨ ਹੋ ਜਾਂਦਾ ਹੈ, ਨਾਟਕ ਕਿਵੇਂ ਪੜ੍ਹਿਆ ਜਾਵੇ? ਬੇਸ਼ੱਕ ਇਕ ਨਾਟ-ਪਾਠ ਦੀ ਸਹੀ ਪੜ੍ਹਤ ਬਿਨਾਂ ਸਾਨੂੰ ਉਸ ਦਾ ਮੁੱਲ ਸਮਝ ਨਹੀਂ ਆ ਸਕਦਾ ਤੇ ਸਾਡੀ ਧਾਰਨਾ ਹੈ, ਇਕ ਨਾਟ-ਪਾਠ ਦੀ ਸਹੀ ਪੜ੍ਹਤ ਰੰਗਮੰਚੀ ਦ੍ਰਿਸ਼ਟੀ ਤੋਂ ਬਿਨਾਂ ਸੰਭਵ ਨਹੀਂ।

ਇਹ ਹੁਣ ਇਕ ਸਥਾਪਿਤ ਤੱਥ ਹੈ ਕਿ ਆਮ ਪਾਠਕਾਂ ਵੱਲੋਂ ਨਾਵਲ ਜਾਂ ਕਵਿਤਾ ਦੇ ਮੁਕਾਬਲੇ ਨਾਟ-ਪੁਸਤਕਾਂ ਬਹੁਤ ਘੱਟ ਪੜ੍ਹੀਆਂ ਜਾਂਦੀਆਂ ਹਨ। ਜ਼ਿਆਦਾਤਰ ਇਨ੍ਹਾਂ ਨੂੰ ਖ਼ੁਦ ਰੰਗਕਰਮ ਨਾਲ ਜੁੜੇ ਲੋਕ ਪੜ੍ਹਦੇ ਹਨ ਜਾਂ ਸਾਹਿਤ ਅਧਿਆਪਕ ਅਤੇ ਵਿਦਿਆਰਥੀ। ਵਿਰੋਧਾਭਾਸ ਇਹ ਹੈ, ਰੰਗਕਰਮੀਆਂ ਦੇ ਪੜ੍ਹਨ ਵਿਚ ਨਾਟਕ ਦਾ ਸਿਧਾਂਤਕ ਪੱਖ ਗ਼ੈਰ-ਹਾਜ਼ਰ ਹੁੰਦਾ ਹੈ ਤੇ ਉਨ੍ਹਾਂ ਦੀ ਪੜ੍ਹਤ ਨਿਰੋਲ ਰੰਗਮੰਚੀ ਦ੍ਰਿਸ਼ਟੀ ਤੋਂ ਹੁੰਦੀ ਹੈ। ਸਾਹਿਤ ਅਧਿਐਨ ਦੀ ਦ੍ਰਿਸ਼ਟੀ ਤੋਂ ਪੜ੍ਹਨ ਵਾਲਿਆਂ ਦੀ ਪੜ੍ਹਤ ਵਿਚੋਂ ਨਾਟਕ ਦਾ ਰੰਗਮੰਚੀ ਪਰਿਪੇਖ ਗਾਇਬ ਹੁੰਦਾ ਹੈ ਤੇ ਉਹ ਸਿਰਫ਼ ਰਚਨਾ ਨੂੰ ਸਥਾਪਿਤ ਸਾਹਿਤਕ ਮੁੱਲਾਂ ਅਨੁਸਾਰ ਪੜ੍ਹਦੇ ਹਨ। ਪਰ ਇਹ ਦੋਹੇਂ ਹੀ ਪੜ੍ਹਤਾਂ ਅਧੂਰੀਆਂ ਹਨ। ਜੇ ਸਾਹਿਤ ਅਧਿਐਨ ਵਿਧੀਆਂ ਨਾਟ-ਪਾਠ ਦਾ ਪ੍ਰਕਾਰ ਅਤੇ ਪੱਧਰ ਨਿਸ਼ਚਿਤ ਕਰਦੀਆਂ ਹਨ ਤਾਂ ਰੰਗਮੰਚ ਇਸਦੀ ਹੋਂਦ-ਵਿਧੀ ਹੈ।

ਇੱਕ ਆਮ ਪਾਠਕ ਦੇ ਨਜ਼ਰੀਏ ਤੋਂ ਵੀ ਨਾਟਕ ਪੜ੍ਹਨ ਵਿਚ ਇਕ ਮੁਸ਼ਕਿਲ ਹੈ। ਸਿਰਫ਼ ਸੰਵਾਦਾਂ ਦੇ ਰੂਪ ਵਿਚ ਹੋਣ ਕਾਰਨ ਨਾਟ-ਪਾਠ ਗਲਪ ਰਚਨਾ ਵਾਂਗ ਬਿਰਤਾਂਤ ਨਹੀਂ ਸਿਰਜਦਾ, ਜਿਸ ਕਾਰਨ ਨਾਟਕ ਦੀ ਪੜ੍ਹਤ ਅਧੂਰੇਪਣ ਦਾ ਅਹਿਸਾਸ ਦਿੰਦੀ ਹੈ। ਵੱਡਾ ਕਾਰਨ ਇਹ ਹੈ ਕਿ ਨਾਟਕ ਵਿਚ ਕਥਾ-ਵਾਚਕ (Narrator) ਨਹੀਂ ਹੁੰਦਾ। ਗਲਪ ਸਾਹਿਤ ਵਿਚ ਪਾਤਰ, ਉਨ੍ਹਾਂ ਦੀ ਮਨੋਦਸ਼ਾ, ਉਸ ਦੇ ਸੂਖ਼ਮ ਤੋਂ ਸੂਖ਼ਮ ਭਾਵਾਂ, ਸਥਿਤੀਆਂ ਦੇ ਤਨਾਓ ਅਤੇ ਟਕਰਾਓ ਨੂੰ ਵਿਸਤਾਰ ਸਹਿਤ ਚਿਤਰਨ ਲਈ ਕਥਾਕਾਰ ਹਮੇਸ਼ਾ ਇਕ ਪਾਤਰ ਵਾਂਗ ਰਚਨਾ ਵਿਚ ਮੌਜੂਦ ਰਹਿੰਦਾ ਹੈ। ਪਰ ਨਾਟਕ ਵਿਚੋਂ ਨਾਟਕਕਾਰ ਗ਼ੈਰ-ਹਾਜ਼ਰ ਹੁੰਦਾ ਹੈ। ਸਿੱਟਾ ਇਹ ਨਿਕਲਦਾ ਹੈ ਕਿ ਸਿਰਫ਼ ਆਮ ਪਾਠਕ ਹੀ ਨਹੀਂ, ਬਹੁਤੀ ਵਾਰ ਨਾਟ-ਚਿੰਤਕ ਵੀ ਸਿਰਫ਼ ਸੰਵਾਦਾਂ ਵਿਚੋਂ ਪ੍ਰਾਪਤ ਹੋਣ ਵਾਲੇ ਵਿਚਾਰਾਂ, ਸੂਚਨਾਵਾਂ ਅਤੇ ਪਾਤਰਾਂ ਦੇ ਆਪਸੀ-ਸਬੰਧਾਂ ਨੂੰ ਹੀ ਨਾਟਕ ਦੀ ਅੰਤਿਮ ਪੜ੍ਹਤ ਬਣਾ ਲੈਂਦੇ ਹਨ। ਜਦੋਂ ਕਿ ਵਿਚਾਰ, ਸੂਚਨਾਵਾਂ, ਪਾਤਰ, ਪਾਤਰਾਂ ਦੇ ਪਰਸਪਰ ਸਬੰਧ ਇਹ ਸਭ ਤਾਂ ਸਿਰਫ਼ ਨਾਟ-ਜੁਗਤਾਂ ਹਨ ਜਿਨ੍ਹਾਂ ਦੀ ਸਹਾਇਤਾ ਨਾਲ ਨਾਟਕ ਦੀ ਅੰਤਿਮ ਪੜ੍ਹਤ ਰੰਗਮੰਚ ਉੱਤੇ ਸਿਰਜੀ ਜਾਣੀ ਹੈ। ਇੱਥੇ ਸਾਡੇ ਕਹਿਣ ਦਾ ਇਹ ਭਾਵ ਹਰਗਿਜ਼


ISSN : 2395-1273
(ਪੰਨੇ 87-91)

ਨਹੀਂ ਹੈ ਕਿ ਰੰਗਮੰਚ ਤੋਂ ਥੱਲੇ ਕਿਸੇ ਨਾਟ-ਪਾਠ ਦਾ ਅਧਿਐਨ ਸੰਭਵ ਨਹੀਂ। ਅਧਿਐਨ ਦੇ ਨਾਲ-ਨਾਲ ਪੂਰਵ-ਮੰਚਣ ਗਤੀਵਿਧੀਆਂ ਲਈ ਨਾਟ-ਪਾਠ ਦਾ ਵਿਸ਼ਲੇਸ਼ਣ-ਮੁਲਾਂਕਣ ਲਾਜ਼ਮੀ ਹੈ। ਅਸੀਂ ਸਿਰਫ਼ ਇਸ ਮਨੌਤ ਉੱਤੇ ਜ਼ੋਰ ਦੇਣਾ ਚਾਹੁੰਦੇ ਹਾਂ ਕਿ ਸਾਹਿਤਕ ਮੁੱਲਾਂ ਦੇ ਨਾਲ-ਨਾਲ ਰੰਗਮੰਚੀ ਦ੍ਰਿਸ਼ਟੀ ਵੀ ਇਕ ਨਾਟ-ਪਾਠ ਦੇ ਅਧਿਐਨ ਲਈ ਇਕ ਲਾਜ਼ਮੀ ਸ਼ਰਤ ਹੈ। ਸਗੋਂ ਇਹ ਇਕ ਮੁੱਢਲੀ ਸ਼ਰਤ ਹੈ ਜੋ ਨਾਟਕ ਬਾਰੇ ਸਾਡੀ ਅਧਾਰਭੂਤ ਸਮਝ ਕਾਇਮ ਕਰਦੀ ਹੈ। ਜਿਵੇਂ ਕਿ ਕਿਸੇ ਨਾਟਕ ਨੂੰ ਪੜ੍ਹਦਿਆਂ ਪਾਠਕ ਨੂੰ ਇਹ ਗੱਲ ਸਦਾ ਧਿਆਨ ਵਿਚ ਰੱਖਣੀ ਪਵੇਗੀ ਕਿ ਸਿਰਫ਼ ਨਰੇਟਰ ਵਰਗੀ ਤਾਕਤਵਰ ਜੁਗਤ ਨਾ ਹੋਣ ਕਰਕੇ ਨਾਟਕਕਾਰ ਨਰੇਟਰ ਦੀ ਕਮੀ ਨੂੰ ਪੂਰਨ ਕਰਨ ਲਈ ਕਿਹੜੀਆਂ ਵਿਕਲਪਿਕ ਜੁਗਤਾਂ ਇਸਤੇਮਾਲ ਕਰ ਰਿਹਾ ਹੈ ਤੇ ਅਗਾਂਹ ਉਹ ਜੁਗਤਾਂ ਨਾਟ-ਪਾਠ ਦੇ ਰੂਪ ਨੂੰ ਕਿਵੇਂ ਪ੍ਰਭਾਵਿਤ ਕਰ ਰਹੀਆਂ ਹਨ?

ਸੋ ਇਕ ਨਾਟਕ ਨੂੰ ਪੜ੍ਹਦਿਆਂ ਪਹਿਲੀ ਗੱਲ ਸਦਾ ਇਕ ਪਾਠਕ ਜਾਂ ਅਧਿਏਤਾ ਦੇ ਧਿਆਨ ਵਿਚ ਰਹਿਣੀ ਚਾਹੀਦੀ ਹੈ ਕਿ ਜੋ ਨਾਟ-ਪਾਠ ਉਹ ਪੜ੍ਹ ਰਿਹਾ ਹੈ, ਅਸਲ ਵਿਚ ਪੜ੍ਹਨ ਲਈ ਨਹੀਂ ਲਿਖਿਆ ਗਿਆ। ਇਹ ਜਿਹੋ ਜਿਹਾ ਹੈ, ਉਹੋ ਜਿਹਾ ਇਸ ਲਈ ਹੈ ਕਿਉਂਕਿ ਇਹ ਰੰਗਮੰਚ ਉੱਤੇ ਪ੍ਰਸਤੁਤ ਹੋਣ ਅਤੇ ਦਰਸ਼ਕਾਂ ਦੇ ਦੇਖੇ ਜਾਣ ਲਈ ਲਿਖਿਆ ਗਿਆ ਹੈ। ਜੇ ਇਹ ਪੜ੍ਹੇ ਜਾਣ ਲਈ ਲਿਖਿਆ ਗਿਆ ਹੁੰਦਾ ਤਾਂ ਸ਼ਾਇਦ ਇਹ ਨਾਟਕ ਹੀ ਨਾ ਹੁੰਦਾ। ਕਹਾਣੀ ਹੁੰਦਾ ਜਾਂ ਨਾਵਲ। ਪਰ ਇਹ ਨਾਟਕ ਹੈ ਤੇ ਹੁਣ ਇਸ ਦੇ ਸੰਚਾਰ ਦੀ ਬੁਨਿਆਦੀ ਵਿਧੀ ਦ੍ਰਿਸ਼ ਹੈ, ਸ਼ਬਦ ਨਹੀਂ। ਦ੍ਰਿਸ਼ ਦਾ ਸਬੰਧ ਰੰਗਮੰਚ ਨਾਲ ਹੈ, ਪੁਸਤਕ ਨਾਲ ਨਹੀਂ। ਇਹ ਦ੍ਰਿਸ਼ ਤੱਤ ਨਾਟਕ ਸਿਰਜਣ ਪ੍ਰਕਿਰਿਆ ਦਾ ਮੂਲ ਹੀ ਨਹੀਂ, ਅਚੇਤ ਵੀ ਹੈ। ਜਿਹੜੇ ਨਾਟਕਕਾਰ ਨਾਟਕ ਨੂੰ ਪੜ੍ਹਨ ਲਈ ਲਿਖਦੇ ਹਨ, ਉਹ ਵੀ ਨਰੇਟਰ ਤੱਤ ਨੂੰ ਛੱਡ ਕੇ ਲਿਖਦੇ ਨੇ ਤੇ ਪਾਤਰਾਂ ਦੇ ਵਿਹਾਰ ਰਾਹੀਂ ਦ੍ਰਿਸ਼ ਹੀ ਸਿਰਜਦੇ ਹਨ। ਨਾਟ-ਕਲਾ ਦਾ ਇਹੀ ਦ੍ਰਿਸ਼ ਲੱਛਣ ਇਸ ਨੂੰ ਹੋਰਨਾਂ ਗਲਪ-ਵਿਧਾਵਾਂ ਨਾਲੋਂ ਨਿਖੇੜਦਾ ਹੈ। ਇਸੇ ਲਈ ਭਰਤਮੁਨੀ ਇਸ ਨੂੰ ਦ੍ਰਿਸ਼-ਕਾਵਿ ਕਹਿੰਦੇ ਹਨ। ਸੋ ਇਕ ਨਾਟਕ ਪੜ੍ਹਦੇ ਹੋਏ ਇਹ ਤੱਥ ਸਦਾ ਸਾਡੇ ਜ਼ਿਹਨ ਵਿਚ ਰਹਿਣਾ ਚਾਹੀਦਾ ਹੈ, ਅਸੀਂ ਨਾਟਕ ਨਹੀਂ, ਨਾਟਕ ਦਾ ਸ਼ਾਬਦਿਕ ਪਾਠ ਜਾਂ ਨਾਟ-ਪਾਠ ਪੜ੍ਹ ਰਹੇ ਹਾਂ। ਜਿਸ ਵਿਚ ਨਾਟਕ ਦਾ ਇਕ ਲੁਪਤ ਰੰਗਮੰਚੀ ਪਾਠ ਵੀ ਕੋਡਿਡ ਹੈ ਜੋ ਰੰਗਮੰਚ ਉੱਤੇ ਜਾ ਕੇ ਡੀਕੋਡ ਹੋਣਾ ਹੈ। ਇਕ ਪਾਠਕ ਜਾਂ ਅਧਿਏਤਾ ਨੂੰ ਨਾਟ-ਪਾਠ ਵਿਚ ਕੋਡਿਡ ਮੰਚੀ ਪਾਠ ਪੜ੍ਹਨ ਦੀ ਜਾਚ ਹੋਣੀ ਚਾਹੀਦੀ ਹੈ। ਰੰਗਮੰਚ ਨਾਟ-ਪਾਠ ਸਿਰਜਣ-ਪ੍ਰਕਿਰਿਆ ਦੀ ਮੁੱਖ ਪ੍ਰੇਰਕ ਸ਼ਕਤੀ ਹੈ। ਇਹ ਸਿਰਜਣ-ਪ੍ਰਕਿਰਿਆ ਦੇ ਹਰ ਪੱਖ ਵਿਚ ਕਾਰਜਸ਼ੀਲ ਹੈ। ਇਸ ਨੂੰ ਪਛਾਣੇ ਅਤੇ ਸਮਝੇ ਬਿਨਾਂ ਨਾਟਕ ਦੀ ਪੜ੍ਹਤ ਅਧੂਰੀ ਹੈ।

ਧਿਆਨ ਦੇਣ ਵਾਲੀ ਗੱਲ ਹੈ ਕਿ ਸਾਹਿਤ ਦੀਆਂ ਹੋਰਨਾਂ ਵਿਧਾਵਾਂ, ਖਾਸ ਕਰ ਕੇ ਬਿਰਤਾਂਤਕ-ਸਾਹਿਤ ਦੀ ਸਿਰਜਣ-ਪ੍ਰਕਿਰਿਆ ਵਿਚ ਰੰਗਮੰਚ ਜਿਹੀ ਕਿਸੇ ਬਾਹਰੀ ਸ਼ਕਤੀ ਦਾ ਦਖ਼ਲ ਨਹੀਂ ਹੁੰਦਾ। ਉਨ੍ਹਾਂ ਵਿਚ ਸ਼ਾਬਦਿਕ ਪਾਠ ਹੀ ਅੰਤਿਮ ਅਧਿਐਨ ਸਮੱਗਰੀ ਹੁੰਦਾ ਹੈ। ਪਰ ਨਾਟ-ਪਾਠ ਦੀ ਸਮੁੱਚੀ ਸਿਰਜਣ ਪ੍ਰਕਿਰਿਆ ਵਿਚ ਇਸਦੇ ਸੰਭਾਵਿਤ ਰੰਗਮੰਚੀ ਪਾਠ ਦੀ ਲਗਾਤਾਰ ਦਖ਼ਲ-ਅੰਦਾਜ਼ੀ ਰਹਿੰਦੀ ਹੈ ਜੋ ਇਸਨੂੰ ਹਰ ਪੱਧਰ ’ਤੇ ਬੁਰੀ ਤਰ੍ਹਾਂ ਪ੍ਰਭਾਵਿਤ ਕਰਦੀ ਹੈ। ਇਹ ਨਾਟ-ਪਾਠ ਦੀ ਸਿਰਜਣ ਪ੍ਰਕਿਰਿਆ ਲਈ ਅਨੇਕ ਬੰਧਨ ਅਤੇ ਸੀਮਾਵਾਂ ਮਿੱਥਦੀ ਹੈ। ਕੋਈ ਨਾਟਕਕਾਰ ਚਾਹ ਕੇ ਵੀ ਇਨ੍ਹਾਂ ਸੀਮਾਵਾਂ ਨੂੰ ਤੋੜ ਨਹੀਂ ਸਕਦਾ। ਜਿਵੇਂ ਕਿ ਰੰਗਮੰਚ ਦੀ ਭੌਤਿਕ ਚਾਰ-ਦਿਵਾਰੀ। ਰੰਗਮੰਚ ਲਈ ਲਿਖਦਿਆਂ ਨਾਟ-ਪਾਠ ਸਿਰਜਕ ਦੀ ਸਭ ਤੋਂ ਵੱਡੀ ਮੁਸ਼ਕਿਲ ਕਲਪਨਾ-ਸੀਮਾ ਦੀ ਹੈ। ਰਚਨ-ਪ੍ਰਕਿਰਿਆ ਦੌਰਾਨ ਨਾਟਕਕਾਰ ਜਿੰਨੀ ਮਰਜ਼ੀ ਕੋਸ਼ਿਸ਼ ਕਰੇ, ਉਸਦੀ ਕਲਪਨਾ ਰੰਗਮੰਚ ਦੀ ਭੌਤਿਕ ਚਾਰ ਦਿਵਾਰੀ ਤੋਂ ਬਾਹਰ ਨਹੀਂ ਉੱਡ ਸਕਦੀ। ਮੰਚ ਉੱਪਰ ਸਮੁੰਦਰ ਨਹੀਂ ਪੇਸ਼ ਕੀਤਾ ਜਾ ਸਕਦਾ। ਵੱਡੀ ਜੰਗ ਦੇ ਦ੍ਰਿਸ਼ ਨਹੀਂ ਪੇਸ਼ ਕੀਤੇ ਜਾ ਸਕਦੇ। ਸੰਸਾਰ ਭਰ ਦੇ ਨਾਟਕ ਵਿਚ ਇਸ ਲਈ ਬਹੁਤ ਮਹਾਨ ਬਾਲ-ਨਾਟਕ ਨਹੀਂ ਲਿਖੇ ਜਾ ਸਕੇ ਕਿਉਂਕਿ ਉਸ ਪੱਧਰ ਦੇ ਬਾਲ-ਅਦਾਕਾਰ ਨਹੀਂ ਮਿਲਦੇ। ਪਸ਼ੂ-ਪੰਛੀਆਂ ਨੂੰ ਮੰਚ ’ਤੇ ਪੇਸ਼ ਕਰਨਾ ਔਖਾ ਹੈ। ਮੰਚ ਉੱਤੇ ਭੀੜ ਸਿਰਜਣੀ ਔਖੀ ਹੈ। ਇਹੀ ਕਾਰਨ ਹੈ, ਇਤਿਹਾਸਿਕ ਨਾਟਕ ਵੀ ਮੰਚ ਉੱਤੇ ਬਹੁਤ ਸੰਕੀਰਨ ਜਿਹੇ ਰੂਪ ਵਿਚ ਪ੍ਰਸਤੁਤ ਹੁੰਦੇ ਹਨ ਜਦ ਕਿ ਯਥਾਰਥਕ ਜੀਵਨ ਵਿਚ ਇਨ੍ਹਾਂ ਦਾ ਕੈਨਵਸ ਵਿਰਾਟ ਅਤੇ ਅਸੀਮ ਹੁੰਦਾ ਹੈ। ਇਹ ਸਾਰੀਆਂ ਸੀਮਾਵਾਂ ਅਤੇ ਬੰਧਨ ਨਾਟਕਕਾਰ ਦੀ ਕਲਪਨਾ ਸ਼ਕਤੀ ਨੂੰ ਇਕ ਛੋਟੇ ਜਿਹੇ ਮੰਚ ਨਾਲ ਇਸ ਤਰ੍ਹਾਂ ਨੂੜ ਦਿੰਦੇ ਹਨ ਕਿ ਉਸ ਨੂੰ ਪੈਰ-ਪੈਰ ’ਤੇ ਇਸ ਮੰਚ ਨਾਲ ਸਮਝੌਤਾ ਕਰਨਾ ਪੈਂਦਾ ਹੈ।

ਹਾਲੇ ਇਹ ਭੌਤਿਕ ਸੀਮਾਵਾਂ ਤਾਂ ਨਾਟ-ਸਿਰਜਣ ਪ੍ਰਕਿਰਿਆ ਦੀਆਂ ਆਂਤਰਿਕ ਸੀਮਾਵਾਂ ਹਨ ਪਰ ਇਸ ਦੀਆਂ ਬਾਹਰੀ ਸੀਮਾਵਾਂ ਹੋਰ ਵੀ ਵੱਡੀ ਮੁਸ਼ਕਿਲ ਪੈਦਾ ਕਰਦੀਆਂ ਹਨ। ਸਿਰਫ਼ ਰੰਗਮੰਚ ਨੂੰ ਨਹੀਂ, ਹਰ ਇਕ ਨਾਟ-ਪਾਠ ਇਕ ਵਿਸ਼ੇਸ਼ ਕਿਸਮ ਦੇ ਸਮਾਜਿਕ, ਆਰਥਿਕ, ਸੱਭਿਆਚਾਰਕ ਅਤੇ ਤਕਨੀਕੀ ਵੱਖਰਤਾਵਾਂ ਵਾਲੇ


ISSN : 2395-1273

ਰੰਗਮੰਚ ਨੂੰ ਮਾਡਲ ਬਣਾ ਕੇ ਲਿਖਿਆ ਗਿਆ ਹੁੰਦਾ ਹੈ। ਉਸ ਰੰਗਮੰਚ ਦੀਆਂ ਵਿਹਾਰਕ ਮੁਸ਼ਕਿਲਾਂ, ਸੀਮਾਵਾਂ ਅਤੇ ਸਹੂਲਤਾਂ ਆਦਿ ਤੱਥ ਵੀ ਉਸ ਉੱਤੇ ਅਧਾਰਿਤ ਨਾਟਕ ਦੀ ਸਿਰਜਣਾ ਵੇਲੇ ਅਸਰ ਛੱਡਦੇ ਹਨ। ਸੰਭਾਵਿਤ ਰੰਗਮੰਚ ਦਾ ਮਾਡਲ ਨਾ ਸਿਰਫ਼ ਕਿਸੇ ਰਚਨਾ ਦਾ ਸਰੂਪ ਸਗੋਂ ਉਸਦਾ ਪ੍ਰਕਾਰ ਅਤੇ ਪੱਧਰ ਵੀ ਨਿਰਧਾਰਿਤ ਕਰਦਾ ਹੈ। ਦਿੱਲੀ ਦੇ ਰੰਗਮੰਚ ਨੂੰ ਧਿਆਨ ਵਿਚ ਰੱਖ ਕੇ ਲਿਖਿਆ ਗਿਆ ਨਾਟ-ਪਾਠ ਪੰਜਾਬ ਦੇ ਥੜ੍ਹਾ-ਰੰਗਮੰਚ ਨੂੰ ਮਾਡਲ ਬਣਾ ਕੇ ਰੱਖੀਆਂ ਗਈਆਂ ਨਾਟ-ਰਚਨਾਵਾਂ ਦੇ ਪਾਠ ਨਾਲ ਲਾਜ਼ਮੀ ਤੌਰ ’ਤੇ ਵੱਖਰਾ ਹੋਵੇਗਾ। ਇਸ ਲਈ ਇਕ ਨਾਟਕ ਨੂੰ ਪੜ੍ਹਦਿਆਂ ਸਾਨੂੰ ਉਸ ਰੰਗਮੰਚ ਵਿਸ਼ੇਸ਼ ਦੀਆਂ ਵਿਹਾਰਕ ਸੀਮਾਵਾਂ ਦਾ ਵੀ ਅਹਿਸਾਸ ਹੋਣਾ ਚਾਹੀਦਾ ਹੈ, ਜਿਸ ਨੂੰ ਮਾਡਲ ਬਣਾ ਕੇ ਉਹ ਰਚਨਾ ਲਿਖੀ ਗਈ ਹੈ। ਇਸ ਤੋਂ ਬਿਨਾਂ ਅਸੀਂ ਕਿਸੇ ਖਿੱਤੇ ਜਾਂ ਭਾਸ਼ਾ ਦੇ ਨਾਟਕ ਦਾ ਪ੍ਰਕਾਰ ਅਤੇ ਪੱਧਰ ਨਹੀਂ ਸਮਝ ਸਕਦੇ। ਪੰਜਾਬੀ ਨਾਟਕ ਇਸ ਲਈ ਸਰਲ ਅਤੇ ਸਾਦਾ ਹੈ ਕਿਉਂਕਿ ਇਸ ਦਾ ਰੰਗਮੰਚੀ ਮਾਡਲ ਸਰਲ ਅਤੇ ਸਾਦਾ ਹੈ। ਜੇ ਇਸ ਕੋਲ ਪੱਛਮ ਜਿਹਾ ਉੱਨਤ ਰੰਗਮੰਚੀ ਮਾਡਲ ਹੁੰਦਾ, ਇਸ ਦਾ ਪੱਧਰ ਵੀ ਹੋਰ ਹੁੰਦਾ। ਪਰ ਹੁਣ ਤੱਕ ਦੇ ਪੰਜਾਬੀ ਨਾਟ-ਚਿੰਤਨ ਨੇ ਪੰਜਾਬੀ ਨਾਟਕ ਦੀ ਪਛਾਣ ਅਤੇ ਪੱਧਰ ਨਿਰਧਾਰਨ ਵਿਚ ਆਮ ਇਹ ਟਪਲਾ ਖਾਧਾ ਹੈ।

ਜਿੱਥੇ ਰੰਗਮੰਚ ਨਾਟ-ਕਲਾ ਲਈ ਇਕ ਸੀਮਾ ਹੈ, ਅਗਾਂਹ ਉਸਦੀਆਂ ਆਪਣੀਆਂ ਵੀ ਕੁਝ ਸਮਾਜਿਕ, ਸੱਭਿਆਚਾਰਕ ਅਤੇ ਆਰਥਿਕ ਸੀਮਾਵਾਂ ਹਨ। ਕਿਸੇ ਸੱਭਿਆਚਾਰ ਵਿਚ ਰੰਗਮੰਚ ਦੀ ਕੀ ਸਥਿਤੀ ਹੈ ਜਾਂ ਆਰਥਿਕ ਤੌਰ ’ਤੇ ਉਹ ਰੰਗਮੰਚ ਕਿੰਨਾ ਕੁ ਸਮੱਰਥਾਵਾਨ ਹੈ, ਇਹ ਤੱਥ ਵੀ ਉਸ ਰੰਗਮੰਚ ਨੂੰ ਅਧਾਰ ਬਣਾ ਕੇ ਲਿਖੀ ਜਾਣ ਵਾਲੇ ਨਾਟ-ਪਾਠ ਦਾ ਪੱਧਰ ਨਿਸ਼ਚਿਤ ਕਰਦਾ ਹੈ। ਅਭਿਨੇਤਾ, ਸਹੂਲਤਾਂ ਅਤੇ ਤਕਨੀਕੀ ਅਮਲੇ ਦਾ ਨਾਟ-ਪਾਠ ਦੇ ਪੱਧਰ ਨੂੰ ਲਾਜ਼ਮੀ ਤੌਰ ’ਤੇ ਪ੍ਰਭਾਵਿਤ ਕਰਦਾ ਹੈ। ਬਰਾਡਵੇ ਦੇ ਅਤਿ-ਕਸਬੀ ਰੰਗਮੰਚ ਨੂੰ ਧਿਆਨ ਵਿਚ ਰੱਖ ਕੇ ਲਿਖੀ ਗਈ ਤੇ ਪੰਜਾਬ ਦੇ ਸ਼ੌਕੀਆ ਰੰਗਮੰਚ ਲਈ ਲਿਖੀ ਗਈ ਰਚਨਾ ਦਾ ਪੱਧਰ ਇਕ ਨਹੀਂ ਹੋ ਸਕਦਾ। ਸਹੂਲਤਾਂ ਦੇ ਅਭਾਵ ਵਿਚ ਨਾਟਕ ਸੰਵਾਦਮੁਖ ਵਿਧੀਆਂ ਉੱਤੇ ਨਿਰਭਰ ਹੋ ਜਾਂਦਾ ਹੈ, ਜਿਸ ਕਰਕੇ ਇਸਦਾ ਮੂਲ-ਭੂਤ ‘ਦ੍ਰਿਸ਼’ ਗੁਣ ਨੂੰ ਹਾਨੀ ਪਹੁੰਚਦੀ ਹੈ। ਰੰਗਮੰਚ ਦੀ ਆਰਥਿਕ ਹੈਸੀਅਤ ਵੀ ਮਹੱਤਵਪੂਰਨ ਭੂਮਿਕਾ ਅਦਾ ਕਰਦੀ ਹੈ। ਅੱਜ ਵੀ ਬਹੁਤਾ ਕਰਕੇ ਪੰਜਾਬੀ ਨਾਟਕ ਵਿਹੜਿਆਂ ਅਤੇ ਡਰਾਇੰਗ-ਰੂਮਾਂ ਦੀ ਸਧਾਰਨ ਮੰਚ ਜੜ੍ਹਤ ਵਾਲਾ ਹੁੰਦਾ ਹੈ। ਕਿਉਂਕਿ ਇਹੀ ਮੰਚ ਜੜ੍ਹਤ ਹੈ, ਜੋ ਸਸਤੀ ਅਤੇ ਸੌਖੀ ਹੈ। ਫੇਰ ਬਹੁਤਾ ਪੰਜਾਬੀ ਨਾਟਕ ਤੁਰਦਾ ਫਿਰਦਾ ਨਾਟਕ ਹੈ। ਵੱਖ-ਵੱਖ ਸ਼ਹਿਰਾਂ ਵਿਚ ਘੁੰਮ ਫਿਰ ਕੇ ਨਾਟਕ ਪੇਸ਼ ਕਰਨ ਦੀ ਸਮੱਸਿਆ ਅਜਿਹੇ ਸਧਾਰਨ ਅਤੇ ਬਹੁਤ ਜ਼ਰੂਰੀ ਮੰਚ-ਜੜ੍ਹਤ ਦੀ ਹੀ ਇਜਾਜ਼ਤ ਦਿੰਦੀ ਹੈ। ਵਿਸ਼ਵ ਭਰ ਵਿਚ ਪ੍ਰਯੋਗਸ਼ੀਲ ਨਾਟਕ ਦੀ ਹੋਂਦ ਨਗਰਾਂ ਅਤੇ ਮਹਾਂਨਗਰਾਂ ਦੇ ਤਕਨੀਕ ਸੰਪੰਨ ਨਾਟ-ਮੰਡਪਾਂ ਅੰਦਰ ਮੌਲੀ ਕਿਉਂਕਿ ਚਿੰਨ੍ਹ ਅਤੇ ਪ੍ਰਭਾਵਵਾਦੀ ਮਹੌਲ ਸਿਰਜਣ ਲਈ ਇਨ੍ਹਾਂ ਨੂੰ ਨਾ ਸਿਰਫ਼ ਸਮਰੱਥ ਅਭਿਨੇਤਾ ਅਤੇ ਤਕਨੀਕੀ ਅਮਲੇ ਦੀ ਲੋੜ ਸੀ, ਸਗੋਂ ਅਜਿਹੇ ਸੂਖ਼ਮ ਅਤੇ ਸੰਵੇਦਨਸ਼ੀਲ ਪ੍ਰਗਟਾਅ ਨੂੰ ਸਮਝਣ ਲਈ ਪ੍ਰਤਿਭਾਸ਼ਾਲੀ ਦਰਸ਼ਕ ਮੰਡਲੀ ਦੀ ਵੀ। ਸਭ ਤੋਂ ਧਿਆਨ ਦੇਣ ਵਾਲਾ ਤੱਤ ਹੈ ਦਰਸ਼ਕ। ਨਾਟ-ਪਾਠ ਵਿਚ ਦਰਸ਼ਕ ਦਾ ਦਖ਼ਲ ਸਾਹਿਤ ਵਿਚ ਪਾਠਕ ਦੇ ਦਖ਼ਲ ਤੋਂ ਕਿਤੇ ਵੱਡਾ ਅਤੇ ਗੰਭੀਰ ਹੈ।

ਜਦੋਂ ਅਸੀਂ ਕਹਿੰਦੇ ਹਾਂ ਕਿ ਨਾਟਕ ਆਪਣੇ ਸਬੰਧਤ ਖਿੱਤੇ ਜਾਂ ਸੱਭਿਆਚਾਰ ਵਿਚ ਪ੍ਰਾਪਤ ਅਤੇ ਪ੍ਰਚੱਲਿਤ ਰੰਗਮੰਚ ਨੂੰ ਮਾਡਲ ਮੰਨ ਕੇ ਲਿਖਿਆ ਜਾਂਦਾ ਹੈ ਤਾਂ ਇੱਥੇ ਰੰਗਮੰਚ ਤੋਂ ਸਾਡਾ ਭਾਵ ਇਕ ਸਟੇਜ, ਪੰਡਾਲ ਜਾਂ ਪ੍ਰੋਸੀਨੀਅਮ ਅਤੇ ਇਸ ਵਿਚ ਪ੍ਰਾਪਤ ਤਕਨੀਕੀ ਸਹੂਲਤਾਂ ਹੀ ਨਹੀਂ ਹੁੰਦੀਆਂ। ਸਗੋਂ ਇਸ ਸਥਾਨ ਉੱਪਰ ਆਪਣੀ ਇੱਛਾ ਨਾਲ ਨਾਟਕ ਦੇਖਣ ਲਈ ਇਕੱਠੇ ਹੋਏ ਦਰਸ਼ਕਾਂ ਤੋਂ ਵੀ ਹੁੰਦਾ ਹੈ। ਇੱਥੇ ‘ਦਰਸ਼ਕ’ ਤੋਂ ਵੀ ਸਾਡਾ ਭਾਵ ਕੋਈ ਮਕਾਨਕੀ ਜੁਗਤ ਜਾਂ ਸ਼ਾਬਦਿਕ ਸੰਕਲਪ ਨਹੀਂ, ਸਗੋਂ ਜਿਉਂਦੇ-ਜਾਗਦੇ ਲੋਕਾਂ ਤੋਂ ਹੈ, ਜਿਹੜੇ ਸਾਹਿਤ ਅਤੇ ਕਲਾ ਵਰਗੀਆਂ ਸਰੰਚਨਾਵਾਂ ਨੂੰ ਮਾਣਦੇ, ਉਨ੍ਹਾਂ ਤੋਂ ਪ੍ਰਭਾਵਿਤ ਹੁੰਦੇ ਅਤੇ ਮੋੜਵੇਂ ਰੂਪ ਵਿਚ ਉਨ੍ਹਾਂ ਨੂੰ ਪ੍ਰਭਾਵਿਤ ਕਰਦੇ ਹਨ। ਉਹ ਆਪਣੇ ਖਿੱਤੇ ਅਤੇ ਭਾਸ਼ਾ ਦੇ ਰੰਗਮੰਚ ਦੇ ਨਾਲ ਹੀ ਵਿਕਾਸ ਕਰਦੇ ਆਏ ਹੁੰਦੇ ਹਨ। ਇਸ ਤਰ੍ਹਾਂ ਉਹ ਰੰਗਮੰਚ ਦੇ ਬਹੁਤ ਨੇੜਲੇ ਰਿਸ਼ਤੇਦਾਰ ਹਨ। ਉਨ੍ਹਾਂ ਦਾ ਜੀਵਨ, ਦ੍ਰਿਸ਼ਟੀਕੋਣ, ਵਿਸ਼ਵਾਸ, ਰਹਿਣ-ਸਹਿਣ ਦਾ ਢੰਗ ਆਦਿ ਸਾਰੇ ਤੱਥ ਨਾਟਕ ਅਤੇ ਰੰਗਮੰਚ ਲਈ ਵੀ ਅਰਥ ਰੱਖਦੇ ਹਨ। ਉਨ੍ਹਾਂ ਦੇ ਜੀਵਨ ਦੀ ਦਸ਼ਾ-ਦਿਸ਼ਾ ਅਤੇ ਇਸ ਵਿਚ ਜ਼ਰਾ ਜਿੰਨੀ ਵੀ ਤਬਦੀਲੀ ਨਾਟਕ ਅਤੇ ਰੰਗਮੰਚ ਦੀ ਕਲਾ ਨੂੰ ਪ੍ਰਭਾਵਿਤ ਕਰਦੀ ਹੈ। ਨਾਟਕਕਾਰ ਕੋਲ ਉਸ ਦੇ ਸੰਭਾਵਿਤ ਨਾਟਕ ਲਈ ਢੇਰ ਵਸਤੂ-ਸਮੱਗਰੀ ਹੋ ਸਕਦੀ ਹੈ ਪਰ ਉਹ ਵਸਤੂ ਅਤੇ ਉਸਦੀ ਸੀਮਾ ਉਸਦੀ ਦਰਸ਼ਕ-ਮੰਡਲੀ ਦਾ ਸਮਾਜਿਕ, ਸੱਭਿਆਚਾਰਕ ਅਤੇ ਮਾਨਸਿਕ ਪੱਧਰ ਤੈਅ ਕਰਦਾ ਹੈ। ਨਾਟਕਕਾਰ ਚਾਹ ਕੇ ਵੀ ਆਪਣੇ ਵਸਤੂ ਅਤੇ ਉਸਦੇ ਪ੍ਰਗਟਾਅ ਪੱਧਰ ਨੂੰ ਦਰਸ਼ਕਾਂ ਦੇ

ਸੱਭਿਆਚਾਰਕ, ਸਮਾਜਿਕ ਅਤੇ ਮਾਨਸਿਕ ਪੱਧਰ ਤੋਂ ਅਗਾਂਹ-ਪਿਛਾਂਹ ਨਹੀਂ ਲਿਜਾ ਸਕਦਾ। ਇਕ ਨਾਟਕ ਨੂੰ ਪੜ੍ਹਦਿਆਂ ਸਾਨੂੰ ਇਕ ਸਵਾਲ ਖ਼ੁਦ ਨੂੰ ਇਹ ਵੀ ਕਰਨਾ ਪਵੇਗਾ ਕਿ ਕੀ ਇਹ ਨਾਟਕ ਸਾਡੇ ਲਈ ਲਿਖਿਆ ਗਿਆ ਹੈ? ਜੇ ਉਹ ਕਿਸੇ ਹੋਰ ਦਰਸ਼ਕ-ਮੰਡਲੀ ਲਈ ਲਿਖਿਆ ਗਿਆ ਹੈ ਤਾਂ ਸਾਨੂੰ ਵੀ ਪਹਿਲਾਂ ਉਹ ਹੋਰ ਦਰਸ਼ਕ ਮੰਡਲੀ ਬਣਨਾ ਪਵੇਗਾ। ਧਿਆਨ ਦੇਣ ਵਾਲੀ ਗੱਲ ਹੈ ਕਿ ਜਦੋਂ ਇਕ ਨਾਟਕ ਨੂੰ ਦੂਜੀ ਭਾਸ਼ਾ ਵਿਚ ਅਨੁਵਾਦ ਕੀਤਾ ਜਾਂਦਾ ਹੈ ਤਾਂ ਸਿਰਫ਼ ਸੰਵਾਦਾਂ ਦਾ ਹੀ ਅਨੁਵਾਦ ਨਹੀਂ ਕੀਤਾ ਜਾਂਦਾ, ਇਕ ਸਿਆਣਾ ਅਨੁਵਾਦਕ ਨਾਟਕ ਦਾ ਦੂਜੇ ਸੱਭਿਆਚਾਰ ਵਿਚ ਰੂਪਾਂਤਰਨ ਕਰਦਾ ਹੈ ਤੇ ਰੂਪਾਂਤਰਨ ਦੀ ਇਸ ਪ੍ਰਕਿਰਿਆ ਵਿਚ ਸਭ ਤੋਂ ਪਹਿਲਾਂ ਉਹ ਦਰਸ਼ਕ-ਮੰਡਲੀ ਬਦਲਦਾ ਹੈ।

ਕਿਸੇ ਨਾਟਕ ਨੂੰ ਪੜ੍ਹਦਿਆਂ ਇਕ ਹੋਰ ਮਹੱਤਵਪੂਰਨ ਤੱਥ ਸਾਨੂੰ ਇਹ ਵੀ ਧਿਆਨ ਵਿਚ ਰੱਖਣਾ ਪਵੇਗਾ ਕਿ ਅਸੀਂ ਨਾਟਕ ਨੂੰ ਇਕੱਲੇ ਬੈਠ ਕੇ ਪੜ੍ਹ ਰਹੇ ਹਾਂ। ਜਦੋਂ ਕਿ ਇਹ ਸਮੂਹ ਲਈ ਲਿਖਿਆ ਗਿਆ ਹੈ। ਸਾਹਿਤ ਦੇ ਹੋਰਨਾਂ ਰੂਪਾਂ ਦੇ ਮੁਕਾਬਲੇ ਨਾਟ-ਕਲਾ ਦੀ ਇਕ ਹੋਰ ਵੱਖਰਤਾ ਇਹ ਹੈ ਕਿ ਨਾਟ-ਪਾਠ ਵਿਅਕਤੀਗਤ ਰੂਪ ਵਿਚ ਨਹੀਂ, ਸਗੋਂ ਸਮੂਹਿਕ ਪੱਧਰ ’ਤੇ ਗ੍ਰਹਿਣ ਕੀਤਾ ਜਾਂਦਾ ਹੈ। ਦਰਸ਼ਕ ਮੰਡਲੀ ਵਿਚ ਬੈਠਾ ਵਿਅਕਤੀ ਨਾਟ-ਪ੍ਰਭਾਵ ਕਰਕੇ ਆਪਣੀ ਵਿਅਕਤੀਗਤ ਸੋਚ, ਵਿਚਾਰਧਾਰਾ ਅਤੇ ਪ੍ਰਤੀਬੱਧਤਾ ਛੱਡ ਕੇ ਸਮੂਹ ਦੀ ਸੋਚ, ਵਿਚਾਰਧਾਰਾ ਅਤੇ ਪ੍ਰਤੀਬੱਧਤਾ ਅਪਨਾ ਲੈਂਦਾ ਹੈ। ਭਾਵ ਨਾਟਕ ਵਿਅਕਤੀ ਤੋਂ ਉਸਦਾ ਨਿੱਜੀ ਵਿਅਕਤੀਤਵ ਖੋਹ ਕੇ ਉਸਨੂੰ ਇਕ ਸਮੂਹਿਕ ਜਾਂ ਸਮਾਜਿਕ ਵਿਅਕਤੀਤਵ ਪ੍ਰਦਾਨ ਕਰਦਾ ਹੈ। ਇਸ ਲਈ ਭਾਵੇਂ ਨਾਟਕ ਪੜ੍ਹੇ ਵਿਅਕਤੀਗਤ ਪੱਧਰ ’ਤੇ ਜਾਂਦੇ ਹਨ ਪਰ ਲਿਖੇ ਉਹ ਦਰਸ਼ਕ ਸਮੂਹ ਲਈ ਗਏ ਹੁੰਦੇ ਹਨ। ਇਸ ਦਰਸ਼ਕ-ਸਮੂਹ ਦੇ ਸਬੰਧ ਵਿਚ ਇਕ ਹੋਰ ਮੁਸ਼ਕਿਲ ਇਹ ਹੈ ਕਿ ਇਸ ਦਰਸ਼ਕ-ਸਮੂਹ ਦਾ ਆਪਣਾ ਕੋਈ ਨਿਸ਼ਚਿਤ ਸਰੂਪ ਨਹੀਂ। ਦਰਸ਼ਕ-ਸਮੂਹ ਵਿਚ ਸ਼ਾਮਲ ਵਿਅਕਤੀਆਂ ਦਾ ਸੱਭਿਆਚਾਰਕ, ਆਰਥਿਕ ਅਤੇ ਸਮਾਜਿਕ ਪੱਧਰ ਵੱਖੋ-ਵੱਖਰਾ ਹੋ ਸਕਦਾ ਹੈ। ਉਮਰ, ਲਿੰਗ, ਧਰਮ ਅਤੇ ਸੱਭਿਆਚਾਰਕ ਪਿਛੋਕੜ ਵੀ ਇਕ ਨਹੀਂ ਹੁੰਦੇ। ਫਿਰ ਇਹ ਦਰਸ਼ਕ ਕਿਸ ਮੌਕੇ ’ਤੇ ਕਿਸ ਉਦੇਸ਼ ਲਈ ਇਕੱਠਾ ਹੋਇਆ ਹੈ, ਇਹ ਵੇਖਣਾ ਵੀ ਜ਼ਰੂਰੀ ਹੋ ਜਾਂਦਾ ਹੈ। ਅੰਮ੍ਰਿਤਸਰ ਦੀ ਨਾਟ-ਸ਼ਾਲਾ ਵਿਚ ਉਚੇਚੇ ਤੌਰ ’ਤੇ ਨਾਟਕ ਵੇਖਣ ਇਕੱਠੇ ਹੋਏ ਦਰਸ਼ਕਾਂ ਅਤੇ ਕਿਸੇ ਧਾਰਮਿਕ ਨਾਟਕ ਨੂੰ ਦੇਖਣ ਲਈ ਆਏ ਦਰਸ਼ਕਾਂ ਵਿਚ ਯਕੀਨੀ ਤੌਰ ’ਤੇ ਫ਼ਰਕ ਹੁੰਦਾ ਹੈ। ਨਿਰੰਤਰ ਨਾਟਕ ਦੇਖਣ ਵਾਲੇ ਦਰਸ਼ਕਾਂ ਨੂੰ ਨਾਟ-ਭਾਸ਼ਾ ਅਤੇ ਚਿੰਨ੍ਹ ਵੀ ਸਮਝ ਆਉਣ ਲਗਦੇ ਹਨ। ਆਪਣੇ ਮੂਲ ਪਾਠ ਦੀ ਸਿਰਜਣਾ ਕਰਦਿਆਂ ਨਾਟਕਕਾਰ ਵੀ ਇਨ੍ਹਾਂ ਗੱਲਾਂ ਨੂੰ ਧਿਆਨ ਵਿਚ ਰੱਖਦਾ ਹੈ ਤੇ ਪੇਸ਼ਕਾਰੀ ਲਈ ਮਨਇੱਛਿਤ ਸਕ੍ਰਿਪਟ ਦੀ ਚੋਣ ਕਰਨ ਲੱਗਿਆਂ ਨਿਰਦੇਸ਼ਕ ਵੀ।

ਕਿਸੇ ਨਾਟਕ ਨੂੰ ਪੜ੍ਹਦਿਆਂ ਸਾਨੂੰ ਇਹ ਵੀ ਧਿਆਨ ਰੱਖਣਾ ਪਵੇਗਾ ਕਿ ਨਾਟਕ ਸਿਰਫ਼ ਇਕ ਭਾਸ਼ਾਈ ਸੰਰਚਨਾ ਨਹੀਂ, ਇਹ ਇਕ ਸੱਭਿਆਚਾਰਕ ਅਤੇ ਸਮਾਜਿਕ ਸੰਰਚਨਾ ਵੀ ਹੈ। ਕਿਸੇ ਖਿੱਤੇ ਦੇ ਲੋਕਾਂ ਅਤੇ ਉਨ੍ਹਾਂ ਦੇ ਜੀਵਨ ਨਾਲ ਨਾਟ-ਕਲਾ ਦਾ ਸਿੱਧਾ ਅਤੇ ਦੁਪਾਸੜ ਸਬੰਧ ਹੁੰਦਾ ਹੈ। ਉਨ੍ਹਾਂ ਦਾ ਸਾਂਸਕ੍ਰਿਤਕ ਪਿਛੋਕੜ, ਰੂੜ੍ਹੀਆਂ ਅਤੇ ਵਿਸ਼ਵਾਸ, ਨੈਤਿਕ-ਸਮਾਜਕ ਮਿਆਰ ਇਹ ਸਭ ਉਸ ਖਿੱਤੇ ਦੇ ਨਾਟਕ ਉੱਤੇ ਪ੍ਰਭਾਵ ਪਾਉਂਦੇ ਅਤੇ ਗ੍ਰਹਿਣ ਕਰਦੇ ਹਨ ਅਤੇ ਉਸ ਦਾ ਸਰੂਪ ਅਤੇ ਪੱਧਰ ਨਿਰਧਾਰਤ ਕਰਦੇ ਹਨ। ਮੰਚ ਉੱਪਰ ਜੋ ਪ੍ਰਸਤੁਤ ਹੁੰਦਾ ਹੈ, ਉਹ ਦਰਸ਼ਕਾਂ ਦੀ ਸਮਾਜਿਕ-ਸੱਭਿਆਚਾਰਕ ਮਰਿਆਦਾ ਨੂੰ ਇਕੋ ਛਲਾਂਗ ਵਿਚ ਪਾਰ ਨਹੀਂ ਕਰ ਸਕਦਾ। ਗਾਰਗੀ ਦੇ ਨਾਟਕ, ਵਿਸ਼ੇ ਅਤੇ ਤਕਨੀਕ ਪੱਖੋਂ ਸ਼ਾਹਕਾਰ ਹੁੰਦੇ ਹੋਏ ਵੀ ਪੰਜਾਬੀ ਰੰਗਮੰਚ ਦਾ ਨਾ-ਮਾਤਰ ਹਿੱਸਾ ਬਣੇ ਹਨ। ਕਾਰਨ ਬੇਹੱਦ ਮਾਮੂਲੀ ਹੈ, ਔਰਤ-ਮਰਦ ਦੇ ਨਿੱਜੀ ਪ੍ਰਸੰਗਾਂ ਨਾਲ ਜੁੜੇ ਬੇਬਾਕ ਹਵਾਲੇ ਜੋ ਪੰਜਾਬੀ ਸੱਭਿਆਚਾਰ ਲਈ ਵਿਸਫ਼ੋਟਕ ਸੰਭਾਵਨਾ ਰੱਖਦੇ ਹਨ। ਇਕ ਪੰਜਾਬੀ ਨਾਟਕਕਾਰ ਜਦੋਂ ਨਾਟਕ ਦਾ ਖਰੜਾ ਤਿਆਰ ਕਰਦਾ ਹੈ ਤਾਂ ਆਪਣੀਆਂ ਅਦਾਕਾਰ ਕੁੜੀਆਂ ਨੂੰ ਇਸ ਕਿਸੇ ਅਸਹਿਜ ਸਥਿਤੀ ਤੋਂ ਬਚਾਉਣ ਲਈ ਉਨ੍ਹਾਂ ਦੇ ਕਿਰਦਾਰ ਵੱਧ ਤੋਂ ਵੱਧ ਸਹਿਜ ਸਥਿਤੀਆਂ ਵਿਚ ਰੱਖਦਾ ਹੈ। ਇਸਦਾ ਸਿੱਟਾ ਇਹ ਨਿਕਲਿਆ ਹੈ ਕਿ ਪੂਰੇ ਪੰਜਾਬੀ ਨਾਟਕ ਵਿਚ ਚਰਿੱਤਰਹੀਣ ਔਰਤਾਂ ਦੇ ਇਕਾ-ਦੁੱਕਾ ਕਿਰਦਾਰ ਹੀ ਨਜ਼ਰ ਆਉਂਦੇ ਹਨ। ਗਾਰਗੀ ਦੀਆਂ ਮਰਦਖ਼ੋਰ ਔਰਤਾਂ ਵੀ, ਵੇਖ ਸਕਦੇ ਹਾਂ ਕਿ ਪੂਰੀ ਮਰਦ ਹਮਦਰਦੀ ਨਾਲ ਚਿੱਤਰੀਆਂ ਗਈਆਂ ਹਨ। ਗਾਰਗੀ ਦੀ ਸਾਹਿਬਾਂ ਤਾਂ ਬੇਵਫ਼ਾ ਹੋ ਕੇ ਵੀ ਬੇਵਫ਼ਾ ਨਹੀਂ। ਅਜਿਹੀ ਸਥਿਤੀ ਵਿਚ ਪੰਜਾਬੀ ਨਾਟਕ ਦੇ ਉਲਾਰ ਦ੍ਰਿਸ਼ਟੀਕੋਣ ਦਾ ਭੁਲੇਖਾ ਪੈਣਾ ਸੁਭਾਵਿਕ ਹੈ ਪਰ ਰੰਗਮੰਚ ਦਾ ਦਬਾਅ ਨਾਟਕਕਾਰ ਦੀ ਸਿਰਜਣਾ ਨੂੰ ਅਕਸਰ ਅਜਿਹੀਆਂ ਉਲਾਰ ਸਥਿਤੀਆਂ ਵਿਚ ਸੁੱਟਦਾ ਹੈ। ਇਸ ਦੇ ਇਲਾਵਾ ਨਾਟਕ ਦਾ ਸੱਭਿਆਚਾਰਕ ਅਤੇ ਸਮਾਜਿਕ ਪਾਸਾਰ ਹੀ ਕਿਸੇ ਨਾਟਕ ਦੀ ਮੁੱਖ ਪਛਾਣ ਕਾਇਮ ਕਰਦਾ ਹੈ। ਪੰਜਾਬੀ ਨਾਟਕ ਪੰਜਾਬੀ ਕਿਉਂ ਹੈ, ਕਿਵੇਂ ਹੈ... ਇਸਦਾ ਨਿਰਨਾ ਕਰਨਾ ਹੋਵੇ ਤਾਂ ਸਾਨੂੰ ਨਾ ਸਿਰਫ਼ ਪੰਜਾਬੀ ਸੱਭਿਆਚਾਰ ਨਾਲ ਇਸਦੇ ਅੰਤਰ-ਸਬੰਧਾਂ ਨੂੰ ਘੋਖਣਾ


www.sanvad.org
ISSN : 2395-1273

ਪਏਗਾ ਸਗੋਂ ਅਗਾਂਹ ਨਾਟ-ਚੇਤਨਾ ਦੇ ਪਿਛੋਕੜ ਵਿਚ ਪਏ ਸੱਭਿਆਚਾਰਕ ਅਵਚੇਤਨ ਦੀ ਵੀ ਨਿਸ਼ਾਨਦੇਹੀ ਕਰਨੀ ਪਏਗੀ। ਇਹ ਸੱਭਿਆਚਾਰਕ ਅਵਚੇਤਨ ਹੀ ਨਾਟਕ ਦੇ ਪਾਤਰਾਂ ਦਾ ਜੀਵਨ-ਦ੍ਰਿਸ਼ਟੀਕੋਣ ਅਤੇ ਵਿਹਾਰ ਤੈਅ ਕਰਦਾ ਹੈ। ਮਿਸਾਲ ਵਜੋਂ ਮਸਲਨ ਪੰਜਾਬੀ ਨਾਟਕ ਦੇ ਨਾਇਕ ਦਾ ਕਿਸੇ ਤਰ੍ਹਾਂ ਦੇ ਸੰਕਟ ਪ੍ਰਤੀ ਭਾਵਨਾਤਮਕ ਪ੍ਰਤੀਕਰਮ ਪੰਜਾਬੀਆਂ ਦੇ ਮੱਧ-ਕਾਲੀ ਜੀਵਨ ਸੰਕਟ ਨਾਲ ਜੋੜ ਕੇ ਬਿਹਤਰ ਸਮਝਿਆ ਜਾ ਸਕਦਾ ਹੈ।

ਇੱਕ ਨਾਟਕ ਨੂੰ ਪੜ੍ਹਦਿਆਂ ਸਾਡੇ ਸਾਹਮਣੇ ਨਾਟਕ ਦੇ ਸੰਵਾਦ ਜਾਂ ਸੰਵਾਦਾਂ ਦੀ ਭਾਸ਼ਾ ਨਹੀਂ ਹੋਣੀ ਚਾਹੀਦੀ। ਸਗੋਂ ਉਹ ਦ੍ਰਿਸ਼ ਹੋਣਾ ਚਾਹੀਦਾ ਹੈ ਜੋ ਸੰਵਾਦਾਂ ਜਿਹੀਆਂ ਕਈ ਜੁਗਤਾਂ ਵਰਤ ਕੇ ਨਾਟਕਕਾਰ ਨਾਟਕ ਵਿਚ ਸਿਰਜਣ ਦੀ ਕੋਸ਼ਿਸ਼ ਕਰ ਰਿਹਾ ਹੈ। ਸੰਵਾਦਾਂ ਤੋਂ ਪ੍ਰਾਪਤ ਹੋ ਰਿਹਾ ਨਾਟਕ ਇਕ ਵਿਚਾਰ ਦੁਆਲੇ ਉਸਾਰੀਆਂ ਸੂਚਨਾਵਾਂ ਦੀ ਇਕ ਖ਼ੁਸ਼ਕ ਜਿਹੀ ਸਰੰਚਨਾ ਹੈ, ਜਿਸ ਵਿਚ ਕੋਈ ਭਾਵ, ਕੋਈ ਕਲਾ ਨਹੀਂ। ਜਦੋਂ ਨਾਟਕਕਾਰ ਨੂੰ ਦ੍ਰਿਸ਼ ਦੀ ਮਹੱਤਤਾ ਪਤਾ ਨਹੀਂ ਹੁੰਦੀ, ਉਹ ਆਪਣੇ ਨਾਟਕਾਂ ਨੂੰ ਵੱਧ ਤੋਂ ਵੱਧ ਸੰਵਾਦਾਂ ਆਸਰੇ ਉਸਾਰਨ ਦੀ ਕੋਸ਼ਿਸ਼ ਕਰਦਾ ਹੈ। ਪਰ ਦ੍ਰਿਸ਼ ਤੋਂ ਬਿਨਾਂ ਨਾਟਕ ਦਾ ਮਤਲਬ ਹੈ, ਬਿਨਾਂ ਨਰੇਟਰ ਦੇ ਨਾਵਲ। ਜੇ ਨਾਟਕ ਵਿਚੋਂ ਕਥਾਵਾਚਕ ਨੂੰ ਕੱਢਿਆ ਜਾ ਸਕਦਾ ਹੈ ਤਾਂ ਹੀ ਬਿਨਾਂ ਦ੍ਰਿਸ਼ ਦੇ ਨਾਟਕ ਹੋ ਸਕਦਾ ਹੈ। ਇਕ ਨਾਟਕ ਨੂੰ ਪੜ੍ਹਦਿਆਂ ਸਾਡਾ ਸਵਾਲ ਹੋਣਾ ਚਾਹੀਦਾ ਹੈ, ਕੀ ਇਹ ਸੰਵਾਦ ਕਿਸੇ ਦ੍ਰਿਸ਼ ਦਾ ਹਿੱਸਾ ਹਨ ਜਾਂ ਨਾਟਕਕਾਰ ਇਨ੍ਹਾਂ ਸੰਵਾਦਾਂ ਨਾਲ ਦ੍ਰਿਸ਼ ਸਿਰਜਣ ਦੀ ਕੋਸ਼ਿਸ਼ ਕਰ ਰਿਹਾ ਹੈ। ਨਰੇਟਰ ਨਾ ਹੋਣ ਕਾਰਨ ਬਹੁਤਾ ਪੰਜਾਬੀ ਨਾਟਕ ਸੰਵਾਦਾਂ ਰਾਹੀਂ ਹੀ ਨਾਟਕ ਦਾ ਕਥਾਨਕ, ਪਾਤਰ-ਉਸਾਰੀ, ਮੁੱਖ ਤਨਾਉ ਅਤੇ ਸਥਿਤੀਆਂ ਸਿਰਜਣ ਦੀ ਕੋਸ਼ਿਸ਼ ਕਰਦਾ ਹੈ। ਅਜਿਹੀਆਂ ਸੰਵਾਦ-ਮੁਖੀ ਰਚਨਾਵਾਂ ਮੰਚ ਉੱਤੇ ਕੋਈ ਪ੍ਰਭਾਵ ਨਹੀਂ ਸਿਰਜਦੀਆਂ। ਇਕ ਸਿਆਣਾ ਪਾਠਕ ਨਾਟਕ ਦਾ ਸ਼ਾਬਦਿਕ ਪਾਠ ਨਹੀਂ, ਉਸ ਸ਼ਾਬਦਿਕ ਪਾਠ ਦੇ ਰਾਹੀਂ ਸਿਰਜੇ ਜਾ ਸਕਣ ਵਾਲੇ ਮੰਚੀ ਪਾਠ ਨੂੰ ਪੜ੍ਹਦਾਹੈ।

'ਦ੍ਰਿਸ਼' ਨੂੰ ਦਿੱਤੀ ਗਈ ਉਪਰੋਕਤ ਪ੍ਰਮੁੱਖਤਾ ਦੇ ਚਲਦੇ ਇਹ ਭੁਲੇਖਾ ਪੈ ਸਕਣਾ ਵੀ ਸੰਭਵ ਹੈ ਕਿ ਅਸੀਂ ਨਾਟਕ ਅੰਦਰ 'ਸ਼ਬਦ' ਦੀ ਮਹੱਤਤਾ ਸਵੀਕਾਰ ਹੀ ਨਹੀਂ ਕਰਦੇ। ਅਜਿਹਾ ਬਿਲਕੁਲ ਨਹੀਂ। ਸੰਵਾਦ ਰੂਪ ਵਿਚ 'ਸ਼ਬਦ' ਦਾ ਨਾਟ-ਵਿਧਾ ਦੇ ਪ੍ਰਸੰਗ ਵਿਚ ਢੇਰ ਮਹੱਤਵ ਹੈ। ਨਾਟ-ਕਲਾ ਦੀ ਲਗਪਗ ਇਹ ਮਜ਼ਬੂਰੀ ਹੀ ਹੈ ਕਿ ਉਹ ਵਿਚਾਰ, ਭਾਵ ਅਤੇ ਆਂਤਰਿਕ ਸੰਵੇਦਨਾ ਨੂੰ ਮੰਚ ਉੱਤੇ ਭੌਤਿਕ ਰੂਪ ਵਿਚ ਪ੍ਰਸਤੁਤ ਨਹੀਂ ਕਰ ਸਕਦਾ। ਇਸ ਲਈ ਉਨ੍ਹਾਂ ਨੂੰ ਚਿੰਨ੍ਹਾਂ ਜਾਂ ਫਿਰ 'ਸ਼ਬਦ' ਉੱਤੇ ਨਿਰਭਰ ਹੋਣਾ ਪੈਂਦਾ ਹੈ ਪਰ ਇਹ ਮਜ਼ਬੂਰੀ ਕਿਸੇ ਵੀ ਤਰ੍ਹਾਂ ਨਾਟਕ ਵਿਚ ਦ੍ਰਿਸ਼ ਤੱਤ ਨੂੰ ਖਾਰਜ ਨਹੀਂ ਕਰਦੀ।

ਨਾਟ-ਪਾਠ ਉੱਤੇ ਇਹ ਸਾਰੇ ਰੰਗਮੰਚੀ ਦਬਾਅ ਅਸਲ ਵਿਚ ਇਕ ਨਾਟ-ਪਾਠ ਦੀਆਂ ਸਿਰਜਣ-ਸੀਮਾਵਾਂ ਹਨ, ਜਿਨ੍ਹਾਂ ਕਰਕੇ ਨਾਟ-ਪਾਠ ਉਹੋ ਜਿਹਾ ਨਹੀਂ ਰਹਿ ਜਾਂਦਾ, ਜਿਹੋ ਜਿਹਾ ਨਾਟਕਕਾਰ ਨੇ ਇਸਨੂੰ ਲਿਖਣ ਤੋਂ ਪਹਿਲਾਂ ਕਲਪਿਤ ਕੀਤਾ ਹੁੰਦਾ ਹੈ। ਇਕ ਨਾਟਕ ਨੂੰ ਪੜ੍ਹਨ ਲੱਗਿਆਂ ਸਾਨੂੰ ਨਾਟ-ਸਿਰਜਣ ਪ੍ਰਕਿਰਿਆ ਦੀਆਂ ਇਨ੍ਹਾਂ ਸਾਰੀਆਂ ਸੀਮਾਵਾਂ ਦੀ ਸਮਝ ਹੋਣੀ ਚਾਹੀਦੀ ਹੈ। ਇਸ ਤੋਂ ਬਿਨਾਂ ਅਸੀਂ ਨਾ ਕਿਸੇ ਨਾਟ-ਪਾਠ ਦਾ ਪ੍ਰਕਾਰ ਅਤੇ ਪੱਧਰ ਨਿਰਧਾਰਨ ਨਹੀਂ ਕਰ ਸਕਦੇ। ਸਾਡੀ ਸਪੱਸ਼ਟ ਧਾਰਨਾ ਹੈ ਕਿ ਜਿੱਥੇ ਇਕ ਸਾਹਿਤ-ਪਾਠ ਵਿਚ ਸਿਰਫ਼ ਵਸਤੂ ਅਤੇ ਰੂਪ ਘੁਲੇ-ਮਿਲੇ ਰੂਪ ਵਿਚ ਸਾਹਮਣੇ ਆਉਂਦੇ ਹਨ, ਉੱਥੇ ਨਾਟ-ਕਲਾ ਵਿਚ ਵਸਤੂ ਅਤੇ ਰੂਪ ਦੇ ਨਾਲ-ਨਾਲ ਰੰਗਮੰਚ ਵੀ ਇਕ ਅਨਿੱਖੜ ਅਤੇ ਲਾਜ਼ਮੀ ਸੰਭਾਵਨਾ ਦੇ ਤੌਰ 'ਤੇ ਇਸ ਮਿਸ਼ਰਨ ਵਿਚ ਸ਼ਾਮਲ ਹੁੰਦਾ ਹੈ। ਇਸ ਨੂੰ ਸਮਝੇ-ਪਰਖੇ ਬਿਨਾਂ ਕਿਸੇ ਪਾਠ ਦੀ ਪੜ੍ਹਤ ਅਧੂਰੀ ਹੈ। ਇਹ ਵੀ ਧਿਆਨ ਰੱਖਣ ਵਾਲੀ ਗੱਲ ਹੈ ਕਿ ਜਿੱਥੇ ਸਾਹਿਤ ਦੇ ਹੋਰ ਪਾਠਾਂ ਵਿਚ ਪਾਠਕ ਸਿਰਜਣਾ ਤੋਂ ਬਾਅਦ ਵਿਚ ਆਉਂਦਾ ਹੈ, ਉੱਥੇ ਦਰਸ਼ਕ ਨਾਟ-ਪਾਠ ਦੀ ਸਿਰਜਨਾ ਤੋਂ ਵੀ ਪਹਿਲਾਂ ਇਸ ਪ੍ਰਕਿਰਿਆ ਵਿਚ ਆਉਂਦਾ ਹੈ। ਹਰੇਕ ਲਿਖਤ-ਪਾਠ ਦੀ ਸਿਰਜਣਾ ਵੇਲੇ ਲੇਖਕ ਦੇ ਮਨ ਵਿਚ ਉਸ ਪਾਠ ਦੀ ਮੰਚੀ-ਪੇਸ਼ਕਾਰੀ ਦਾ ਕੋਈ ਨਾ ਕੋਈ ਕਾਲਪਨਿਕ ਖ਼ਾਕਾ ਅਤੇ ਅਗਾਂਹ ਉਸ ਪੇਸ਼ਕਾਰੀ ਦੇ ਦਰਸ਼ਕ ਹੁੰਦੇ ਹਨ। ਜੇ ਅਸੀਂ ਕਿਸੇ ਨਾਟਕ ਨੂੰ ਪੜ੍ਹ ਕੇ ਇਸ ਦਾ ਅਨੰਦ ਲੈਣਾ ਜਾਂ ਇਸ ਬਾਰੇ ਢੁੱਕਵੀਂ ਸਮਝ ਕਾਇਮ ਕਰਨੀ ਹੈ ਤਾਂ ਸਾਨੂੰ ਵੀ ਉਸ ਪਾਠ ਦੀ ਸੰਭਾਵਿਤ ਪੇਸ਼ਕਾਰੀ ਦੀ ਉਵੇਂ ਕਲਪਨਾ ਕਰਨੀ ਪਵੇਗੀ ਜਿਵੇਂ ਨਾਟਕਕਾਰ ਨਾਟਕ ਲਿਖਣ ਲੱਗਿਆਂ ਕਰ ਰਿਹਾ ਸੀ।

✧